ਸਚੁ ਸੁਣਾਇਸੀ ਸਚ ਕੀ ਬੇਲਾ
ਰੋਜ਼ਾਨਾ ਸਪੋਕਸਮੈਨ
ਸਤਿ ਸ੍ਰੀ ਅਕਾਲ ਜੀ !
ਬਾਨੀ ਤੇ ਸਰਪ੍ਰਸਤ: ਸ. ਜੋਗਿੰਦਰ ਸਿੰਘ, ਬੀਬੀ ਜਗਜੀਤ ਕੌਰ
ਸਾਲ 8, ਅੰਕ 363
website: www.rozanaspokesman.com e-mail : rozanaspokesman@yahoo.com
Phone (Mohali) : +91-172-3047671-73 Fax : +91-172-3047669/85/86/87 Chd Office : 2542033 Chd Fax : 2542488
ਚੰਡੀਗੜ੍ਹ, ਸੋਮਵਾਰ, 9 ਦਸੰਬਰ, 2013 (24 ਮੱਘਰ, ਨਾਨਕਸ਼ਾਹੀ ਸੰਮਤ 545)
RNI NO. CHA PUN/2005/15875.
Postal Regd. No. CHD/0108/2012-14
ਸਫ਼ੇ- 12
ਮੁਲ : ₹4

ਸ਼ਾਹੀ ਦਵਾਖ਼ਾਨਾ

ਦਿੱਲੀ ਚੋਣਾਂ ਦਾ ਸਪੱਸ਼ਟ ਸੁਨੇਹਾ

ਭਾਰਤ ਨੂੰ ਇਲਾਕਾਈ ਪਾਰਟੀਆਂ ਜ਼ਿਆਦਾ ਪਸੰਦ

☛ਜਿਥੇ-ਜਿਥੇ ਕੋਈ ਭਰੋਸੇਯੋਗ ਇਲਾਕਾਈ ਪਾਰਟੀ ਮਿਲ ਜਾਂਦੀ ਹੈ, ਲੋਕ 'ਨੈਸ਼ਨਲ ਪਾਰਟੀਆਂ' ਨੂੰ ਰੱਦ ਕਰ ਦੇਂਦੇ ਹਨ ☛ਦੋ-ਤਿਹਾਈ ਭਾਰਤ ਦੀ ਪਹਿਲੀ ਪਸੰਦ ਇਲਾਕਾਈ ਪਾਰਟੀਆਂ ☛ਫ਼ੈਡਰਲ ਭਾਰਤ ਵਲ ਭਾਰਤੀਆਂ ਦੀ ਦੌੜ ਜਾਰੀ ☛ਅਮਰੀਕਾ ਤੇ ਕੈਨੇਡਾ ਵਰਗਾ 'ਰਾਜਾਂ ਦਾ ਸੰਘ' ਬਣਨਾ ਚਾਹੁਣ ਵਾਲਾ ਭਾਰਤ 60ਵਿਆਂ ਤੋਂ ਵੱਡੀਆਂ ਰਾਸ਼ਟਰੀ ਪਾਰਟੀਆਂ ਵਿਰੁਧ ਬਗ਼ਾਵਤ ਕਰ ਰਿਹਾ ਹੈ

-ਜੋਗਿੰਦਰ ਸਿੰਘ

ਦਿੱਲੀ ਅਤੇ ਚਾਰ ਹੋਰ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਨਤੀਜਿਆਂ ਵਿਚੋਂ ਭਾਵੇਂ ਕਾਂਗਰਸ ਅਤੇ ਬੀਜੇਪੀ ਲੀਡਰ, ਅਪਣੇ ਅਗਲੇ ਪ੍ਰਧਾਨ ਮੰਤਰੀ ਪਦ ਦੇ ਉਮੀਦਵਾਰਾਂ ਦੇ ਭਵਿੱਖ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਇਕ ਹਕੀਕਤ ਜਿਸ ਵਿਚ ਵਲ ਉਨ੍ਹਾਂ ਦਾ ਧਿਆਨ ਨਹੀਂ ਜਾ ਰਿਹਾ, ਉਹ ਇਹ ਵੀ ਹੈ ਕਿ ਆਜ਼ਾਦ ਹਿੰਦੁਸਤਾਨ ਵਿਚ ਅੰਗਰੇਜ਼ਾਂ ਵਲੋਂ ਦਾਖ਼ਲ ਕੀਤੇ 'ਲੋਕ-ਰਾਜੀ' ਚੋਣਾਂ ਦੇ ਪ੍ਰਬੰਧ ਨੇ ਪਹਿਲੀ ਵਾਰ ਇਕ ਸਰਬ-ਭਾਰਤੀ ਜਾਂ 'ਕੌਮੀ ਪਾਰਟੀ' ਦੇ ਹੱਥ ਸੱਤਾ ਦੀਆਂ ਵਾਗਾਂ ਫੜਾਉਣ ਦੀ ਜਿਹੜੀ ਸਬੀਲ ਬਣਾਈ ਸੀ, ਉਹ ਚਰਮਰਾ ਗਈ ਹੈ ਤੇ ਹਿੰਦੁਸਤਾਨ ਦੇ ਲੋਕਾਂ ਨੇ, ਅਪਣੀਆਂ ਇਲਾਕਾਈ ਪਾਰਟੀਆਂ ਨੂੰ ਪਹਿਲ ਦੇ ਕੇ, ਸਾਰੀਆਂ ਹੀ ਰਾਸ਼ਟਰੀ ਪਾਰਟੀਆਂ ਨੂੰ ਰੱਦ ਕਰਨਾ ਸ਼ੁਰੂ ਕਰ ਦਿਤਾ ਹੈ।

ਸਥਾਨਕ ਪਾਰਟੀਆਂ ਨੂੰ ਪਸੰਦ ਕਰਨ ਵਾਲੇ ਭਾਰਤੀਆਂ ਨੇ ਸੱਭ ਤੋਂ ਪਹਿਲਾਂ ਕਮਿਊਨਿਸਟ ਪਾਰਟੀਆਂ ਨੂੰ 'ਕੌਮੀ ਪਾਰਟੀਆਂ' ਵਜੋਂ ਉਖੇੜਿਆ ਹਾਲਾਂਕਿ ਜਨਸੰਘ ਜਾਂ ਬੀਜੇਪੀ ਤੋਂ ਵੀ ਪਹਿਲਾਂ, ਕਮਿਊਨਿਸਟ ਹੀ, ਕਾਂਗਰਸ ਦਾ ਬਦਲ ਬਣਨ ਦਾ ਦਾਅਵਾ ਕਰਦੇ ਸਨ। ਪਰ ਉਨ੍ਹਾਂ ਦੀ ਧਰਮ-ਵਿਰੋਧੀ, ਵਿਦੇਸ਼ੀ ਰੰਗ ਵਿਚ ਰੰਗੀ 'ਕੌਮ ਪ੍ਰਸਤੀ' (ਨੈਸ਼ਨਲਿਜ਼ਮ) ਉਤੇ ਇਸ ਦੇਸ਼ ਦੇ ਲੋਕਾਂ ਨੇ ਸੱਭ ਤੋਂ ਪਹਿਲਾਂ ਕੁਹਾੜਾ ਚਲਾਇਆ ਤੇ ਕਮਿਊਨਿਸਟ ਪਾਰਟੀਆਂ ਅੱਜ ਇਲਾਕਾਈ ਪਾਰਟੀਆਂ ਬਣ ਕੇ ਹੀ ਜ਼ਿੰਦਾ ਹੋਣ ਦਾ ਦਮ ਭਰ ਰਹੀਆਂ ਹਨ।

ਉਸ ਮਗਰੋਂ ਕਾਂਗਰਸ ਦੇ 'ਆਲ ਇੰਡੀਆ' ਅਕਸ ਨੂੰ ਢਾਹ ਲਾਉਣ ਦਾ ਕੰਮ ਉਸ ਯੂ ਪੀ ਤੋਂ ਹੀ ਸ਼ੁਰੂ ਹੋਇਆ ਜੋ ਕਾਂਗਰਸ ਦੀ ਅਸਲ ਤਾਕਤ ਦਾ ਸੋਮਾ ਸੀ। ਯੂ ਪੀ ਦੇ ਲੋਕਾਂ ਨੇ ਵੇਖਿਆ ਕਿ ਸੱਭ ਤੋਂ ਵੱਡਾ ਸੂਬਾ ਹੋਣ ਦੇ ਬਾਵਜੂਦ, ਉਹ 'ਅਪਣਾ' ਪ੍ਰਧਾਨ ਮੰਤਰੀ ਤਾਂ ਦਿੱਲੀ ਵਿਚ ਬਿਠਾ ਲੈਂਦੇ ਹਨ ਪਰ ਗ਼ਰੀਬੀ ਤੋਂ ਸਿਵਾ, ਮਿਲਦਾ ਉਨ੍ਹਾਂ ਨੂੰ ਕੁੱਝ ਵੀ ਨਹੀਂ ਸੀ। ਸੋ ਉਨ੍ਹਾਂ ਯੂ ਪੀ ਦੀ ਕਿਸੇ ਸਥਾਨਕ ਪਾਰਟੀ ਨੂੰ ਢੂੰਡਣ ਦਾ ਅਮਲ ਸ਼ੁਰੂ ਕੀਤਾ। ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਅਤੇ ਮਾਇਆਵਤੀ ਦੀ ਬਸਪਾ ਦੇ ਪੈਰ ਲੱਗਣ ਤੋਂ ਬਾਅਦ, ਲੋਕ ਇਨ੍ਹਾਂ ਦੋ ਸਥਾਨਕ ਪਾਰਟੀਆਂ ਦਾ ਅਦਲ ਬਦਲ ਤਾਂ ਕਰ ਲੈਂਦੇ ਹਨ ਪਰ ਕਾਂਗਰਸ ਜਾਂ ਬੀਜੇਪੀ ਵਲ ਨਹੀਂ ਜਾਂਦੇ। ਇਹੀ ਹਾਲ ਬਿਹਾਰ ਵਿਚ ਹੋਇਆ। ਲਾਲੂ ਪ੍ਰਸ਼ਾਦ ਤੇ ਨਿਤਿਨ ਕੁਮਾਰ ਦੀ ਆਮਦ ਮਗਰੋਂ, ਲੋਕ ਇਕ ਦੂਜੀ ਸਥਾਨਕ ਪਾਰਟੀ ਵਲ ਤਾਂ ਝਾਕ ਲੈਣਗੇ ਪਰ ਕਾਂਗਰਸ, ਬੀਜੇਪੀ ਸਮੇਤ ਕਿਸੇ 'ਆਲ ਇੰਡੀਆ' ਪਾਰਟੀ ਵਲ ਨਹੀਂ। ਦੱਖਣ ਭਾਰਤ ਵਾਲਿਆਂ ਨੇ ਵੀ ਕਾਫ਼ੀ ਦੇਰ ਤੋਂ 'ਆਲ ਇੰਡੀਆ' ਜਾਂ ਰਾਸ਼ਟਰੀ ਪਾਰਟੀਆਂ ਨੂੰ ਰੱਦ ਕਰ ਕੇ, ਅਪਣੀਆਂ ਇਲਾਕਾਈ (ਸਥਾਨਕ) ਪਾਰਟੀਆਂ ਦਾ ਘੁੱਟ ਕੇ ਪੱਲਾ ਫੜਿਆ ਹੋਇਆ ਹੈ।

ਇਸੇ ਸੰਦਰਭ ਵਿਚ ਦਿੱਲੀ ਵਿਚ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਸਫ਼ਲਤਾ ਬੜੀ ਮਹੱਤਵਪੂਰਨ ਹੈ। ਉਥੇ ਕੇਂਦਰ ਦੀ ਸਰਕਾਰ ਬੈਠਦੀ ਹੈ ਤੇ ਇਸ ਕਾਰਨ ਦਿੱਲੀ ਕਾਂਗਰਸ ਦਾ ਗੜ੍ਹ ਬਣੀ ਰਹਿੰਦੀ ਹੈ ਤੇ ਇਸ ਵਾਰ ਤਾਂ ਦੂਜੀ 'ਰਾਸ਼ਟਰੀ ਪਾਰਟੀ' ਭਾਜਪਾ ਕਹਿ ਰਹੀ ਸੀ ਕਿ ਮੋਦੀ ਦੀ 'ਕੌਮੀ ਹਨੇਰੀ' ਚਲ ਰਹੀ ਹੈ ਜੋ ਕਾਂਗਰਸ ਸਮੇਤ, ਸੱਭ ਨੂੰ ਉਡਾ ਲੈ ਜਾਵੇਗੀ ਤੇ 'ਆਪ' ਵਰਗੀਆਂ ਪਾਰਟੀਆਂ ਦੀ ਤਾਂ 'ਭਰੂਣ ਹਤਿਆ' ਹੋ ਜਾਵੇਗੀ ਅਰਥਾਤ ਉਹ ਗਰਭ ਵਿਚ ਹੀ ਮਰ ਮੁਕ ਜਾਣਗੀਆਂ। ਇਸ ਦੇ ਬਾਵਜੂਦ, ਜਦ ਲੋਕਾਂ ਨੂੰ ਯਕੀਨ ਹੋ ਗਿਆ ਕਿ ਕੇਜਰੀਵਾਲ ਉਹ ਸਥਾਨਕ ਪਾਰਟੀ ਦੇ ਸਕਦਾ ਹੈ ਜਿਸ ਦੀ ਦਿੱਲੀ ਦੇ ਲੋਕਾਂ ਨੂੰ ਲੋੜ ਸੀ ਤਾਂ ਉਨ੍ਹਾਂ ਨੇ ਹਨੇਰੀਆਂ, ਤੂਫ਼ਾਨਾਂ ਦੀ ਕੋਈ ਪ੍ਰਵਾਹ ਕੀਤੇ ਬਿਨਾਂ, ਕੇਜਰੀਵਾਲ ਦੀ 'ਆਪ' ਪਾਰਟੀ ਨੂੰ ਜ਼ਬਰਦਸਤ ਹਮਾਇਤ ਦੇ ਦਿਤੀ।

ਹੁਣ ਸਾਰੇ ਭਾਰਤ ਦੀ ਹਾਲਤ ਵਲ ਨਜ਼ਰ ਮਾਰੀਏ ਤਾਂ ਇਹ ਤਸਵੀਰ ਸਾਹਮਣੇ ਆਉਂਦੀ ਹੈ:

ਕਸ਼ਮੀਰ :	ਨੈਸ਼ਨਲ ਕਾਨਫ਼ਰੰਸ ਤੇ ਪੀਡੀਪੀ (ਇਲਾਕਾਈ)
ਪੰਜਾਬ :	ਅਕਾਲੀ ਦਲ (ਇਲਾਕਾਈ)
ਹਰਿਆਣਾ :	ਭਜਨ ਲਾਲ ਤੇ ਦੇਵੀ ਲਾਲ ਨੇ ਜਦ ਦੋ ਸਥਾਨਕ ਪਾਰਟੀਆਂ ਦਿਤੀਆਂ ਤਾਂ ਲੋਕ ਤਾਂ ਉਨ੍ਹਾਂ ਵਲ ਉਲਰੇ ਪਰ ਉਹ 'ਸਥਾਈ' ਹੋਣ ਦਾ ਸਬੂਤ ਨਾ ਦੇ ਸਕੀਆਂ। ਅਜੇ ਵੀ ਲੋਕ ਸਥਾਨਕ ਹਰਿਆਣਵੀ ਪਾਰਟੀ ਦੀ ਭਾਲ ਵਿਚ ਹਨ।
ਯੂਪੀ:	ਸਪਾ ਤੇ ਬਸਪਾ ਨੇ ਕਾਂਗਰਸ ਤੇ ਬੀਜੇਪੀ ਨੂੰ ਇਕ ਵਾਰ ਉਖਾੜ ਦੇਣ ਮਗਰੋਂ, ਫਿਰ ਵਾਪਸ ਨਹੀਂ ਆਉਣ ਦਿਤਾ।
ਬਿਹਾਰ :	ਲਾਲੂ ਅਤੇ ਨਿਤਿਨ ਉਹੀ ਯੂਪੀ ਵਾਲਾ ਕਿੱਸਾ ਦੁਹਰਾ ਰਹੇ ਹਨ ਅਤੇ ਲੋਕ ਸਥਾਨਕ ਪਾਰਟੀਆਂ ਨਾਲ ਹੀ ਜੁੜੇ ਹੋਏ ਹਨ।
ਮਹਾਰਾਸ਼ਟਰ :	ਸ਼ਿਵ ਸੈਨਾ ਅਤੇ ਮਹਾਰਾਸ਼ਟਰ ਰਾਸ਼ਟਰਵਾਦੀ ਕਾਂਗਰਸ ਸਮੇਤ ਕਈ ਸਥਾਨਕ ਪਾਰਟੀਆਂ, ਆਲ ਇੰਡੀਆ ਪਾਰਟੀਆਂ ਨੂੰ ਭਜਾ ਰਹੀਆਂ ਹਨ।
ਬੰਗਾਲ :	ਤ੍ਰਿਣਾਮੂਲ ਕਾਂਗਰਸ (ਮਮਤਾ ਬੈਨਰਜੀ) ਨੇ ਸੀ ਪੀ ਐਮ ਅਤੇ ਕਾਂਗਰਸ ਨੂੰ ਭਜਾ ਕੇ ਸਥਾਨਕ ਪਾਰਟੀ ਵਜੋਂ ਅਪਣੇ ਆਪ ਨੂੰ ਸਥਾਪਤ ਕਰ ਲਿਆ ਹੈ।
ਦੱਖਣ ਭਾਰਤ :	ਲਗਭਗ ਸਾਰਾ ਦੱਖਣ ਭਾਰਤ ਸਥਾਨਕ ਇਲਾਕਾਈ ਪਾਰਟੀਆਂ ਉਤੇ ਨਿਰਭਰ ਕਰਦਾ ਹੈ। 'ਰਾਸ਼ਟਰੀ' ਪਾਰਟੀਆਂ ਤਾਂ ਉਧਰ ਮੂੰਹ ਵੀ ਨਹੀਂ ਕਰਦੀਆਂ।
ਉੱਤਰ ਪੂਰਬ ਰਾਜ:	ਲਗਭਗ ਸਾਰੇ ਹੀ ਰਾਜ ਸਥਾਨਕ ਪਾਰਟੀਆਂ ਨੂੰ ਸੱਤਾ ਸੌਂਪਦੇ ਹਨ।

ਇਸ ਤਰ੍ਹਾਂ ਲਗਭਗ ਦੋ ਤਿਹਾਈ ਭਾਰਤ, ਇਲਾਕਾਈ ਪਾਰਟੀਆਂ ਨੂੰ ਅਪਣੀ ਪਸੰਦ ਦਰਸਾ ਰਿਹਾ ਹੈ। ਖ਼ਾਲਸ ਹਿੰਦੀ ਰਾਜਾਂ ਵਿਚ ਜਿਥੇ ਜਿਥੇ ਅਜੇ ਸਥਾਨਕ ਪਾਰਟੀਆਂ ਉਭਰ ਨਹੀਂ ਸਕੀਆਂ (ਰਾਜਸਥਾਨ, ਗੁਜਰਾਤ, ਹਰਿਆਣਾ, ਹਿਮਾਚਲ ਤੇ ਇਕ ਦੋ ਹੋਰ), ਉਨ੍ਹਾਂ ਦੇ ਸਿਰ ਤੇ ਹੀ, ਕਾਂਗਰਸ ਤੇ ਬੀਜੇਪੀ, ਅਪਣੇ ਆਪ ਨੂੰ 'ਆਲ ਇੰਡੀਆ' ਪਾਰਟੀਆਂ ਹੋਣ ਦਾ ਭਰਮ ਬਣਾ ਰਹੀਆਂ ਹਨ। ਪਰ ਜਿਵੇਂ ਦਿੱਲੀ ਨੇ ਸਥਾਨਕ ਪਾਰਟੀ ਮਿਲਦਿਆਂ ਹੀ ਨੈਸ਼ਨਲ ਪਾਰਟੀਆਂ ਨੂੰ ਅਲਵਿਦਾ ਕਹਿਣ ਵਿਚ ਢਿਲ ਨਹੀਂ ਲਾਈ, ਇਸੇ ਤਰ੍ਹਾਂ ਬਾਕੀ ਦੇ ਬਚੇ ਰਾਜ ਵੀ ਅਪਣੀਆਂ ਸਥਾਨਕ ਪਾਰਟੀਆਂ ਢੂੰਡਣ ਵਿਚ ਲੱਗੇ ਹੋਏ ਹਨ। ਜਿਸ ਦਿਨ ਉਨ੍ਹਾਂ ਨੂੰ ਅਪਣੀਆਂ ਭਰੋਸੇਯੋਗ ਸਥਾਨਕ ਪਾਰਟੀਆਂ ਮਿਲ ਗਈਆਂ, ਕਥਿਤ 'ਕੌਮੀ' ਪਾਰਟੀਆਂ ਉਥੇ ਵੀ ਖ਼ਤਮ ਹੋ ਜਾਣਗੀਆਂ ਅਤੇ ਫਿਰ ਸ਼ੁਰੂ ਹੋਵੇਗਾ ਦੇਸ਼ ਨੂੰ ਅਮਰੀਕਾ ਤੇ ਕੈਨੇਡਾ ਵਾਂਗ ਸਚਮੁਚ ਦਾ 'ਫ਼ੈਡਰਲ' ਦੇਸ਼ ਬਣਾਉਣ ਦਾ ਅਮਲ ਜਿਸ ਵਿਚ ਹਿੰਦੁਸਤਾਨ, 'ਰਾਜਾਂ ਦਾ ਸੰਘ' ਹੋਵੇਗਾ ਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਕੇਂਦਰ ਸਰਕਾਰ ਵੀ ਹੱਥ ਨਹੀਂ ਪਾ ਸਕੇਗੀ। ਸੰਵਿਧਾਨ ਤਿਆਰ ਕਰਨ ਵੇਲੇ ਜਿਵੇਂ ਕੇਂਦਰ ਦਾ 'ਸਟੀਮ ਰੋਲਰ' ਚਲਾਇਆ ਗਿਆ ਸੀ ਤੇ ਰਾਜਾਂ, ਘੱਟ ਗਿਣਤੀਆਂ ਨੂੰ 'ਜ਼ੀਰੋ' ਬਣਾਇਆ ਗਿਆ ਸੀ, ਉਸ ਨੂੰ ਪੁਰ-ਅਮਨ ਢੰਗ ਨਾਲ ਉਲਟਾਉਣ ਦਾ ਅਮਲ ਜਾਰੀ ਹੈ ਤੇ ਦਿੱਲੀ ਦਾ ਤਾਜ਼ਾ ਸੁਨੇਹਾ ਇਹੀ ਹੈ। ਜੇ ਅੱਜ ਦੀਆਂ ਕਥਿਤ 'ਨੈਸ਼ਨਲ' ਪਾਰਟੀਆਂ ਨੇ ਇਹ ਗੱਲ ਅਪਣੇ ਆਪ ਨਾ ਸਮਝੀ ਤੇ ਦੀਵਾਰ ਤੇ ਲਿਖਿਆ ਨਾ ਪੜ੍ਹਿਆ ਤਾਂ ਜੋ ਹੋਣਾ ਹੈ, ਉਹ ਤਾਂ ਹੋ ਕੇ ਹੀ ਰਹਿਣਾ ਹੈ ਪਰ ਇਹ ਪਾਰਟੀਆਂ ਪਛਤਾਉਣ ਤੋਂ ਸਿਵਾ ਕੁੱਝ ਨਹੀਂ ਕਰ ਸਕਣਗੀਆਂ।

ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਭਾਜਪਾ ਦੀ ਝੋਲੀ 'ਚ

ਦਿੱਲੀ ਵਿਖੇ ਆਮ ਆਦਮੀ ਪਾਰਟੀ ਨੇ ਕੀਤਾ ਕ੍ਰਿਸ਼ਮਾ, ਫਿਰ ਵੀ ਕਿਸੇ ਪਾਰਟੀ ਨੂੰ ਸਪੱਸ਼ਟ ਬਹੁਮਤ ਨਹੀਂ

ਬੀਕਾਨੇਰ ਵਿਖੇ ਜਿੱਤ ਦੀ ਖ਼ੁਸ਼ੀ ਮਨਾਉਂਦੇ ਹੋਏ ਭਾਜਪਾ ਦੇ ਕਾਰਕੁਨ। (ਪੀ.ਟੀ.ਆਈ.)

ਦਿੱਲੀ		ਰਾਜਸਥਾਨ	
ਕੁਲ ਸੀਟਾਂ	70	ਕੁਲ ਸੀਟਾਂ	200
ਭਾਜਪਾ	32	ਭਾਜਪਾ	162
ਆਪ	28	ਕਾਂਗਰਸ	21
ਕਾਂਗਰਸ	8	ਹੋਰ	16
ਛਤੀਸਗੜ੍ਹ		**ਮੱਧ ਪ੍ਰਦੇਸ਼**	
ਕੁਲ ਸੀਟਾਂ	90	ਕੁਲ ਸੀਟਾਂ	230
ਭਾਜਪਾ	49	ਭਾਜਪਾ	165
ਕਾਂਗਰਸ	39	ਕਾਂਗਰਸ	58
ਹੋਰ	2	ਹੋਰ	7

ਨਵੀਂ ਦਿਲੀ/ਜੈਪੁਰ/ਭੋਪਾਲ/ਰਾਇਪੁਰ, 8 ਦਸੰਬਰ : ਚਾਰ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਬਿਹਤਰੀਨ ਕਾਰਗੁਜ਼ਾਰੀ ਦਿਖਾਉਂਦਿਆਂ ਤਿੰਨ ਵਿਚ ਸਪੱਸ਼ਟ ਬਹੁਮਤ ਹਾਸਲ ਕਰ ਲਿਆ ਪਰ ਦਿੱਲੀ ਵਿਚ ਆਮ ਆਦਮੀ ਪਾਰਟੀ ਦਾ ਕ੍ਰਿਸ਼ਮਾ ਵੇਖਣ ਨੂੰ ਮਿਲਿਆ ਜਿਥੇ ਕੇਜਰੀਵਾਲ ਅਤੇ ਉਸ ਦੇ ਸਾਥੀ 28 ਸੀਟਾਂ ਜਿੱਤਣ ਵਿਚ ਸਫਲ ਰਹੇ। ਫਿਰ ਵੀ ਦਿੱਲੀ ਵਿਧਾਨ ਸਭਾ ਵਿਚ ਕੋਈ ਪਾਰਟੀ ਅਪਣੇ ਦਮ 'ਤੇ ਸਰਕਾਰ ਬਣਾਉਣ ਦੇ ਸਮਰੱਥ ਨਹੀਂ।

ਦਿੱਲੀ ਵਿਚ ਭਾਜਪਾ ਅਤੇ ਅਕਾਲੀ ਦਲ ਨੂੰ 32 ਸੀਟਾਂ ਹਾਸਲ ਹੋਈਆਂ ਹਨ ਪਰ ਸਰਕਾਰ ਬਣਾਉਣ ਲਈ ਘੱਟੋ-ਘੱਟ 36 ਵਿਧਾਇਕਾਂ ਦੀ ਲੋੜ ਹੈ। ਪਿਛਲੇ 15 ਸਾਲ ਤੋਂ ਦਿੱਲੀ ਦੀ ਸੱਤਾ 'ਤੇ ਕਾਬਜ਼ ਕਾਂਗਰਸ ਨੂੰ ਇਸ ਵਾਰ ਸਿਰਫ਼ 8 ਸੀਟਾਂ ਮਿਲੀਆਂ ਅਤੇ ਪਿਛਲੀ ਵਾਰ ਦੇ ਮੁਕਾਬਲੇ ਉਸ ਨੂੰ 35 ਸੀਟਾਂ ਦਾ ਨੁਕਸਾਨ ਉਠਾਉਣਾ ਪਿਆ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ, ਚਾਰ ਵਾਰ ਵਿਧਾਇਕ ਰਹੇ ਏ.ਕੇ. ਵਾਲੀਆ ਅਤੇ ਹੋਰ ਕਈ ਚੋਟੀ ਦੇ ਆਗੂ ਚੋਣ ਹਾਰ ਗਏ।

ਰਾਜਸਥਾਨ ਵਿਚ ਭਾਜਪਾ 199 ਵਿਚੋਂ 162 ਸੀਟਾਂ ਜਿੱਤਣ ਵਿਚ ਸਫ਼ਲ ਰਹੀ ਜਦਕਿ ਕਾਂਗਰਸ ਦੇ ਖ਼ਾਤੇ ਵਿਚ ਸਿਰਫ਼ 21 ਸੀਟਾਂ ਹੀ ਆ ਸਕੀਆਂ। 7 ਆਜ਼ਾਦ ਉਮੀਦਵਾਰ ਜਿੱਤਣ ਵਿਚ ਸਫ਼ਲ ਰਹੇ ਜਦਕਿ 4 ਸੀਟਾਂ ਨੈਸ਼ਨਲ ਪੀਪਲਜ਼ ਪਾਰਟੀ ਅਤੇ 3 ਸੀਟਾਂ ਬਸਪਾ ਦੇ ਖ਼ਾਤੇ ਵਿਚ ਗਈਆਂ। ਸੱਤਾਧਾਰੀ ਕਾਂਗਰਸ ਨੂੰ ਸੱਤਾ ਵਿਰੋਧੀ ਲਹਿਰ ਦਾ ਵੱਡਾ ਨੁਕਸਾਨ ਉਠਾਉਣਾ ਪਿਆ ਜਿਸ ਨੂੰ 2008 ਦੀਆਂ ਚੋਣਾਂ ਵਿਚ 95 ਸੀਟਾਂ ਮਿਲੀਆਂ ਸਨ। ਕਾਂਗਰਸ ਸਰਕਾਰ ਦੇ 19 ਮੰਤਰੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਹਾਰ ਸਵੀਕਾਰ ਕਰਦਿਆਂ ਅਪਣਾ ਅਸਤੀਫ਼ਾ ਰਾਜਪਾਲ ਨੂੰ ਸੌਂਪ ਦਿਤਾ। ਅਸ਼ੋਕ ਗਹਿਲੋਤ ਅਪਣੇ ਹਲਕੇ ਸਰਦਾਰਪੁਰਾ ਤੋਂ ਜਿੱਤ ਹਾਸਲ ਕਰਨ ਵਿਚ ਸਫ਼ਲ ਰਹੇ ਜਦਕਿ ਭਾਜਪਾ ਦੀ ਸੂਬਾ ਪ੍ਰਧਾਨ ਅਤੇ ਮੁੱਖ ਮੰਤਰੀ ਅਹੁਦੇ ਦੀ ਉਮੀਦਵਾਰ ਵਾਰ ਵਸੁੰਧਰਾ ਰਾਜੇ ਨੇ ਝਲਾਰਪੱਤਣ ਸੀਟ 'ਤੇ ਕਾਂਗਰਸ ਦੀ ਮਿਨਾਕਸ਼ੀ ਚੰਦਰਾਵਤ ਨੂੰ 60 ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ। ਮੱਧ ਪ੍ਰਦੇਸ਼ ਵਿਚ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਨੇ ਸੱਤਾ ਵਿਰੋਧੀ ਲਹਿਰ ਦੇ ਦਾਅਵਿਆਂ

☛ਬਾਕੀ ਸਫ਼ਾ 11 'ਤੇ

ਅਕਾਲੀ ਦਲ ਹੁਣ ਰਾਜਸਥਾਨ ਤੇ ਯੂ.ਪੀ. 'ਚ ਵੀ ਉਮੀਦਵਾਰ ਖੜੇ ਕਰੇਗਾ : ਸੁਖਬੀਰ

ਨਲਾਸ (ਰਾਜਪੁਰਾ), 8 ਦਸੰਬਰ (ਜੀ.ਸੀ. ਭਾਰਦਵਾਜ) : ਦਿੱਲੀ ਅਸੈਂਬਲੀ ਚੋਣਾਂ ਵਿਚ ਲੜੀਆਂ ਗਈਆਂ ਕੁਲ 4 ਸੀਟਾਂ ਵਿਚੋਂ 3 ਉਮੀਦਵਾਰਾਂ ਦੇ ਕਾਮਯਾਬ ਹੋਣ 'ਤੇ ਸ਼੍ਰੋਮਣੀ ਅਕਾਲੀ ਦਲ ਹੁਣ ਰਾਜਸਥਾਨ ਅਤੇ ਯੂ.ਪੀ.

ਦਿੱਲੀ 'ਚ 9 ਸਿੱਖ ਉਮੀਦਵਾਰਾਂ ਨੇ ਗੱਡੇ ਜਿੱਤ ਦੇ ਝੰਡੇ

ਚੋਣ ਨਤੀਜਿਆਂ ਤੋਂ ਬੇਹੱਦ ਨਾ-ਖ਼ੁਸ਼, ਸਵੈ-ਪੜਚੋਲ ਕਰਾਂਗੇ : ਸੋਨੀਆ ਗਾਂਧੀ

ਨਵੀਂ ਦਿੱਲੀ, 8 ਦਸੰਬਰ : ਲੋਕਾਂ ਵਲੋਂ ਦਿਤੇ ਫ਼ਤਵੇ ਨੂੰ ਪੂਰੀ ਨਿਮਰਤਾ ਨਾਲ ਪ੍ਰਵਾਨ ਕਰਦਿਆਂ ਕਾਂਗਰਸ ਦੀ

ਕਨੇਡਾ, ਯੂ ਐਸ ਏ, ਯੂ ਕੇ, ਅਸਟ੍ਰੇਲੀਆ, ਨਿਊਜ਼ੀਲੈਂਡ ਦਾ ਟੂਰਿਸਟ ਵੀਜ਼ਾ ਖ਼ਰਚਾ ਸਿਰਫ਼ 15,000/-
ਸਹੀ ਤਰੀਕੇ ਨਾਲ ਜਾਓ ਲੱਖਾਂ ਰੁਪਏ ਦੇਣ ਦੀ ਲੋੜ ਨਹੀਂ
- ਨੋ IELTS ● ਉਮਰ 18+
- ਨੋ ਸਪੋਂਸਰਸ਼ਿਪ ਜ਼ਿਵਾਬਰਡ
- ਪ੍ਰੋਸੈਸਿੰਗ ਟਾਈਮ 10-15 ਦਿਨਾਂ ਵਿਚ
- ਰਿਫ਼ੂਜ਼ਲ ਕੇਸ ਵੀ ਅਪਲਾਈ ਕਰੋ
25 ਦੇਸ਼ਾਂ ਦਾ ਟੂਰਿਸਟ ਵੀਜ਼ਾ ਸਿਰਫ਼ 15,000/-
Congratulations
RECENTLY STAMPED VISAS
435 + VISAS STAMPED
100% Genuine Visa Guidance
STUDY IN SINGAPORE @ 2.95 Lacs
6 MONTHS STUDY + 6 MONTHS JOB
landmark
SCF 38, Phase-7, Top Floor, Mohali (Pb.) Tel. 0172-4656644
CALL : 9501111980, 9888033522, 9501111995, 9915110044
www.landmarkimmigration.com

SRJN ਅਮਰੀਕਾ ਕੈਨੇਡਾ Age/ਉਮਰ 18+50+
B1,B2,10 YEARS Tourist Visitor Visa/Super 10 Year Visa
ਇੰਗਲੈਂਡ, ਨਿਊਜ਼ੀਲੈਂਡ, ਸ਼ੈਨੇਗਨ (26 ਦੇਸ਼)
3-6-9 MONTHS TOURIST VISITOR VISA
ਅਰਬ ਦੇਸ਼ਾਂ ਤੋਂ ਆਏ ਜਾਂ ਕਈ ਦੇਸ਼ਾਂ ਦਾ ਟੂਰ ਲਗਾ ਚੁੱਕੇ ਨੌਜਵਾਨ ਲੜਕੇ, ਲੜਕੀਆਂ, ਮਰਦ, ਔਰਤਾਂ, ਖੇਤੀਬਾੜੀ, Ex-Serviceman, Businessman, Skilled, Fresh
TOURIST/VISITOR BUSINESS VISA
ਪਾਸਪੋਰਟ ਸਮੇਤ ਖੁਦ ਆ ਕੇ ਮਿਲੋ
ਸਪਾਂਸਰ ਹੋ ਜਾਂ ਨਹੀਂ, ਕਿਸੇ ਵੀ ਦੇਸ਼ ਤੋਂ ਰਫਿਊਜ਼ 1, 2, 3 ਵਾਰ
ਨੇਕ ਕਮਾਈ ਸਦਾ ਸੁਖਦਾਈ, ਗ਼ਲਤ ਕਮਾਈ ਸਦਾ ਦੁਖਦਾਈ
100% ਇਮਾਨਦਾਰ ਵੀਜ਼ਾ ਸਰਵਿਸ, 1950 ਤੋਂ ESTABLISHED
ਦਫ਼ਤਰ ਹਰ ਰੋਜ਼ ਖੁੱਲ੍ਹਾ ਰਹਿੰਦਾ ਹੈ, ਸਮਾਂ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ
ਸ਼ਾਦੀ ਰਾਮ ਜਗਨਨਾਥ (ਪ੍ਰਾ.) ਲਿਮਟਿਡ